# ਪੰਜਾਬ ਸਰਕਾਰ
# ਸਕੂਲ ਸਿੱਖਿਆ ਵਿਭਾਗ
# ਹੁਕਮ

1.0 ਪੰਜਾਬ ਰਾਜ ਦੇ ਵੱਖ-ਵੱਖ ਫੰਡਾਂ ਅਧੀਨ ਸਕੂਲੀ ਬੱਚਿਆਂ ਤੋਂ ਲਈਆਂ ਜਾਣ ਵਾਲੀਆਂ ਫ਼ੀਸਾਂ ਸੰਬੰਧੀ ਪਹਿਲਾਂ ਜਾਰੀ ਪੱਤਰ **ਡਿਪਟੀ ਐਸ.ਪੀ.ਡੀ./ਐਸ.ਐਸ.ਏ./**2009/458-502 **ਮਿਤੀ** 04-01-2010 ਦੀ ਲਗਾਤਾਰਤਾ ਵਿੱਚ ਜਾਰੀ ਹੋਏ ਉਕਤ ਪੱਤਰ ਰਾਹੀਂ ਫੀਸਾਂ/ਫੰਡਾਂ ਵਿੱਚ ਦਿੱਤੀਆਂ ਹਦਾਇਤਾਂ ਵਿੱਚ 1 ਅਪ੍ਰੈਲ 2010 ਨੂੰ ਲਾਗੂ ਹੋਏ ਸਿੱਖਿਆ ਅਧਿਕਾਰ ਐਕਟ ਦੀ ਲੋਅ ਵਿੱਚ ਤਬਦੀਲੀਆਂ ਕਰਨ ਉਪਰੰਤ ਸਕੂਲੀ ਵਿਦਿਆਰਥੀਆਂ ਤੋਂ ਲਏ ਜਾਣ ਵਾਲੇ ਫੀਸਾਂ/ਫੰਡਾਂ ਵਿੱਚ ਸੋਧ ਕੀਤੀ ਗਈ ਹੈ।

2.0 ਸੋਧ ਕਰਨ ਉਪਰੰਤ ਇਨ੍ਹਾਂ ਸਾਰੇ ਫੰਡਾਂ ਨੂੰ ਤਰਤੀਬਵਾਰ ਕਰਦੇ ਹੋਏ ਸਕੂਲੀ ਵਿਦਿਆਰਥੀਆਂ ਤੋਂ ਲਏ ਜਾਣ ਵਾਲੇ ਫੀਸਾਂ/ਫੰਡ ਹੇਠ ਲਿਖੇ ਅਨੁਸਾਰ ਲਏ ਜਾਣ ਦਾ ਫੈਸਲਾ ਕੀਤਾ ਗਿਆ ਹੈ :

ੳ) ਪਹਿਲੀ ਤੋਂ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਤੋਂ ਕਿਸੇ ਵੀ ਤਰ੍ਹਾਂ ਦੇ ਫੰਡ ਜਾਂ ਫੀਸ ਨਹੀਂ ਲਈ ਜਾਵੇਗੀ।

ਅ) ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਤੋਂ ਸਿਰਫ਼ ਹੇਠਾਂ ਲਿਖੇ ਅਨੁਸਾਰ ਹੀ ਫੀਸ/ਫੰਡ ਲਏ ਜਾਣਗੇ :-

| ਲੜੀ ਨੰ: | ਫੰਡ ਦੀ ਕਿਸਮ | ਫੰਡ ਦਾ ਨਾਂ | ਜਮਾਤ 9ਵੀਂ, 10ਵੀਂ | ਜਮਾਤ 11ਵੀਂ, 12ਵੀਂ |
|---|---|---|---|---|
| 1. | ਸਾਲਾਨਾ | ਦਾਖਲਾ ਫੀਸ | 3/- ਰੁਪਏ ਦਾਖਲੇ ਸਮੇਂ | ਰੁਪਏ 10/- |
| | | ਪੁਨਰ-ਦਾਖਲਾ ਫੀਸ | ਰੁਪਏ 1/- | ਰੁਪਏ 1/- |
| 2. | ਮਾਸਿਕ | ਅਮਲਗਾਮੇਟਿਡ ਫੰਡ | ਰੁਪਏ 20/- | ਰੁਪਏ 25/- |
| | | ਪੀ.ਟੀ.ਏ. ਫੰਡ | ਰੁਪਏ 15/- | ਰੁਪਏ 20/- |
| | | ਸਪੋਰਟਸ ਫੰਡ | ਰੁਪਏ 4/- | ਰੁਪਏ 5/- |
| | | ਟਿਊਸ਼ਨ ਫੀਸ | ਰੁਪਏ 7/- (ਕੇਵਲ ਮੁੰਡਿਆਂ ਤੋਂ) | ਰੁਪਏ 10/- (ਕੇਵਲ ਮੁੰਡਿਆਂ ਤੋਂ) |

**ਜੁਰਮਾਨਾ :-**

ਵਿਦਿਆਰਥੀਆਂ ਤੋਂ ਗੈਰਹਾਜ਼ਰੀ ਦਾ ਲਿਆ ਜਾਣ ਵਾਲਾ ਜੁਰਮਾਨਾ ਪਹਿਲਾਂ ਵਾਂਗ ਇਕ ਰੁਪਏ ਪ੍ਰਤੀ ਦਿਨ ਹੋਵੇਗਾ।ਪ੍ਰੰਤੂ ਇੱਥੇ ਇਹ ਮੁੜ ਸਪੱਸ਼ਟ ਕੀਤਾ ਜਾਂਦਾ ਹੈ ਕਿ 8ਵੀਂ ਜਮਾਤ ਦੇ ਵਿਦਿਆਰਥੀਆਂ ਤੋਂ ਕਿਸੇ ਵੀ ਤਰ੍ਹਾਂ ਦਾ ਕੋਈ ਫੀਸ/ਫੰਡ ਜਾਂ ਜੁਰਮਾਨਾ ਨਹੀਂ ਲਿਆ ਜਾਵੇਗਾ।

ੲ) 10+1 ਅਤੇ 10+2 ਜਮਾਤਾਂ ਲਈ ਪ੍ਰੈਕਟੀਕਲ ਫੀਸ ਮੌਜੂਦਾ ਰੇਟਾਂ ਅਨੁਸਾਰ ਲਈ ਜਾਵੇਗੀ, ਜਿਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਜਮਾਤ | ਵਿਸ਼ਾ | ਫੀਸ ਦੀ ਦਰ |
|---|---|---|---|
| 1. | 10+**1** ਅਤੇ 10+**2** | ਜਿਉਗਰਾਫ਼ੀ ਫੰਡ | 5/- ਪ੍ਰਤੀ ਮਹੀਨਾ |

| | | | |
|---|---|---|---|
| 2. | 10+**1** ਅਤੇ 10+**2** | ਫਾਈਨ ਆਰਟਸ ਫੰਡ | 4/- ਪ੍ਰਤੀ ਮਹੀਨਾ |
| 3. | 10+**1** ਅਤੇ 10+**2** | ਫਿਜਿਕਸ ਫੰਡ | 3.5/- ਪ੍ਰਤੀ ਮਹੀਨਾ |
| 4. | 10+**1** ਅਤੇ 10+**2** | ਕੈਮਿਸਟਰੀ ਫੰਡ | 5/- ਪ੍ਰਤੀ ਮਹੀਨਾ |
| 5. | 10+**1** ਅਤੇ 10+**2** | ਬਾਇਓਲੋਜੀ ਫੰਡ | 3.5/- ਪ੍ਰਤੀ ਮਹੀਨਾ |

ਉਪਰੋਕਤ ਤੋਂ ਇਲਾਵਾ ਪਹਿਲਾਂ ਜਾਰੀ ਸਰਕਾਰੀ ਹਦਾਇਤਾਂ ਅਨੁਸਾਰ ਜੋ ਪ੍ਰਯੋਗੀ ਫੰਡ ਲਏ ਜਾਂਦੇ ਹਨ, ਉਹ ਪਹਿਲੀਆਂ ਦਰਾਂ ਤੇ ਹੀ ਲਏ ਜਾਣਗੇ।

ਸ) ਆਈ.ਸੀ.ਟੀ. ਪ੍ਰੋਜੈਕਟ ਤਹਿਤ ਕੰਪਿਊਟਰ ਫੀਸ ਦੀ ਵਸੂਲੀ ਅਤੇ ਖ਼ਰਚ ਸਮੇਂ-ਸਮੇਂ ਭੇਜੀਆਂ ਹਦਾਇਤਾਂ ਅਨੁਸਾਰ ਹੀ ਹੋਵੇਗੀ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਰਕਾਰ ਦੁਆਰਾ ਅੱਠਵੀਂ ਜਮਾਤ ਤੱਕ ਕੰਪਿਊਟਰ ਫੀਸ ਪਹਿਲਾਂ ਹੀ ਮੁਆਫ਼ ਕਰ ਦਿੱਤੀ ਗਈ ਹੈ।

ਨੋਟ :-

ਆਰ.ਟੀ.ਈ. ਐਕਟ ਦੀ ਲੋਅ ਵਿੱਚ ਫੈਸਲਾ ਕੀਤਾ ਗਿਆ ਹੈ ਕਿ 8ਵੀਂ ਤੱਕ ਦੇ ਵਿਦਿਆਰਥੀਆਂ ਤੋਂ ਕੋਈ ਵੀ ਫੀਸ/ਫੰਡ ਵਿੱਦਿਅਕ ਸੈਸ਼ਨ 2010-11 ਤੋਂ ਨਹੀਂ ਲਿਆ ਜਾਵੇਗਾ। ਇਸ ਲਈ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਮੌਜੂਦਾ ਸੈਸ਼ਨ 2010-11 ਲਈ 8ਵੀਂ ਤੱਕ ਦੇ ਵਿਦਿਆਰਥੀਆਂ ਤੋਂ ਲਏ ਗਏ ਕਿਸੇ ਵੀ ਤਰ੍ਹਾਂ ਦੇ ਫੀਸ/ਫੰਡ ਉਹਨਾਂ ਵਿਦਿਆਰਥੀਆਂ ਨੂੰ ਵਾਪਿਸ (ਰੀ-ਫੰਡ) ਕਰ ਦਿੱਤੇ ਜਾਣ।

3.0 ਇਨ੍ਹਾਂ ਹਦਾਇਤਾਂ ਦੀ ਪਾਲਣਾ ਇੰਨ-ਬਿੰਨ ਕੀਤੀ ਜਾਵੇ ਅਤੇ ਇਨ੍ਹਾਂ ਫੰਡਾਂ ਤੋਂ ਇਲਾਵਾ ਵਿਦਿਆਰਥੀਆਂ ਤੋਂ ਕੋਈ ਹੋਰ ਫੰਡ/ਫੀਸ ਨਾ ਲਈ ਜਾਵੇ।

ਮਿਤੀ : 21-06-2010

ਮਨਦੀਪ ਸਿੰਘ ਸੰਧੂ, ਆਈ.ਏ.ਐਸ.
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।

ਪਿੱਠ ਅੰਕਣ ਨੰ: ਡਿ.ਐਸ.ਪੀ.ਡੀ/ਐਸ.ਐਸ.ਏ./2010/ 43727-771 ਮਿਤੀ, ਚੰਡੀਗੜ੍ਹ : 25-06-2010

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡੀ.ਪੀ.ਆਈ. (ਸੈ.ਸਿੱ) ਅਤੇ (ਐ.ਸਿੱ) ਪੰਜਾਬ, ਚੰਡੀਗੜ੍ਹ
2. ਮੰਡਲ ਸਿੱਖਿਆ ਅਫ਼ਸਰ, ਨਾਭਾ, ਜਲੰਧਰ ਅਤੇ ਫਰੀਦਕੋਟ
3. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਅਤੇ (ਐ.ਸਿੱ)

ਵਿਸ਼ੇਸ਼ ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ